LifeLabs®
Medical Laboratory Services

# STOOL FOR OCCULT BLOOD – HEMA-SCREEN™ II TEST CARD

*Patient Instructions-Punjabi*

## ਹੀਮਾ-ਸਕਰੀਨ™**II** ਟੈਸਟ ਕਾਰਡ (ਸਾਈਡ 1)
## ਦੀ ਵਰਤੋਂ ਸੰਬੰਧੀ ਹਦਾਇਤਾਂ

ਸ਼ੁਰੂ ਕਰਨ ਤੋਂ ਪਹਿਲਾਂ:
- ਮਾਹਵਾਰੀ ਆਉਣ ਦੇ ਦੌਰਾਨ ਜਾਂ ਇਸ ਤੋਂ ਤਿੰਨ ਦਿਨ ਪਿੱਛੋਂ ਤੀਕ, ਜਾਂ ਜਦੋਂ ਤੁਹਾਨੂੰ ਖ਼ੂਨੀ ਬਵਾਸੀਰ ਹੋਵੇ ਜਾਂ ਤੁਹਾਡੇ ਪਿਸ਼ਾਬ ਵਿੱਚ ਖ਼ੂਨ ਆ ਰਿਹਾ ਹੋਵੇ, ਉਦੋਂ ਨਮੂਨੇ ਨਾ ਲਵੋ।
- ਆਪਣੀ ਆਮ ਖ਼ੁਰਾਕ ਖਾਂਦੇ ਰਹੋ ਅਤੇ ਡਾਕਟਰ ਦੇ ਨੁਸਖ਼ੇ ਅਨੁਸਾਰ ਦਵਾਈਆਂ ਲੈਂਦੇ ਰਹੋ।
- ਟੱਟੀ ਦੇ ਨਮੂਨੇ ਲੈਣ ਦੌਰਾਨ ਅਤੇ ਉਸ ਤੋਂ ਤਿੰਨ ਦਿਨ ਪਹਿਲਾਂ ਵਿਟਾਮਿਨ ਸੀ (C) ਦੇ ਪੂਰਕ ਨਾ ਲਵੋ ਅਤੇ ਇੱਕ ਦਿਨ ਵਿੱਚ ਇੱਕ ਖੱਟਾ ਫਲ਼ ਜਾਂ ½ ਕੱਪ ਤੋਂ ਵੱਧ ਜੂਸ ਨਾ ਲਵੋ।
- ਆਇਰਨ ਦੇ ਪੂਰਕ ਜਿੰਨ੍ਹਾਂ ਵਿੱਚ ਵਿਟਾਮਿਨ ਸੀ ਹੋਵੇ ਲੈਣ ਤੋਂ ਪਰਜੇਜ਼ ਕਰੋ।
- ਦੂਜੇ ਪਾਸੇ (ਸਾਈਡ 2) ‘ਤੇ ਦਿੱਤੀਆਂ ਹਦਾਇਤਾਂ ਦੀ ਪਾਲਣਾ ਕਰੋ।

ਨਮੂਨਾ ਲੈ ਲੈਣ ਤੋਂ ਪਿੱਛੋਂ:
- **ਕੇਵਲ ਟੈਸਟ ਕਾਰਡ ਹੀ** ਫ਼ੁਆਇਲ ਦੇ ਲਿਫ਼ਾਫ਼ੇ ਵਿੱਚ ਪਾਓ। ਇਸ ਨੂੰ ਪੱਕਾ ਬੰਦ (ਸੀਲ) ਨਾ ਕਰੋ।
- ਫ਼ੁਆਇਲ ਦੇ ਲਿਫ਼ਾਫ਼ੇ ਵਿੱਚ ਪਾਏ ਟੈਸਟ ਕਾਰਡ ਨੂੰ ਕਮਰੇ ਵਾਲੇ ਤਾਪਮਾਨ  ਵਿੱਚ ਰੱਖੋ।
- ਟੱਟੀ ਦਾ ਪਹਿਲਾ ਨਮੂਨਾ ਲੈਣ ਦੇ 10 ਦਿਨਾਂ ਅੰਦਰ ਲਿਫ਼ਾਫ਼ਾ ਅਤੇ ਪ੍ਰਯੋਗਸ਼ਾਲਾ ਲਈ ਲੋੜੀਂਦੇ ਫ਼ਾਰਮ ਮੁਕੰਮਲ ਰੂਪ ਵਿੱਚ ਪ੍ਰਣੋਗਸ਼ਾਲਾ ਵਿੱਚ ਭੇਜੋ।

## ਹੀਮਾ-ਸਕਰੀਨ™**II** ਟੈਸਟ ਕਾਰਡ (ਸਾਈਡ 2)
## ਦੀ ਵਰਤੋਂ ਸੰਬੰਧੀ ਹਦਾਇਤਾਂ

1) ਬਾਲ ਪੁਆਇੰਟ ਪੈੱਨ ਵਰਤਦਿਆਂ ਹੋਇਆਂ ਕਾਰਡ ਦੇ ਪਿਛਲੇ ਪਾਸੇ,ਆਪਣਾ ਨਾਂ, ਜਿਵੇਂ ਤੁਹਾਡੇ ਹੈਲ਼ਥ ਕਾਰਡ ‘ਤੇ ਲਿਖਿਆ ਹੋਵੇ, ਮੋਟੇ ਅੱਖਰਾਂ ਵਿੱਚ, ਅਤੇ (ਸਾਲ/ਮਹੀਨਾ/ਮਿਤੀ) ਮਿਤੀ ਲਿਖੋ।
2) ਤਿੰਨ ਵੱਖ ਵੱਖ ਦਿਨਾਂ ਦਾ ਆਪਣੀ ਟੱਟੀ ਦਾ ਨਮੂਨਾ ਇਕੱਠਾ ਕਰੋ। ਹਰੇਕ ਫ਼ਲੈਪ ਹੇਠ ਦੋ ਛੋਟੀਆਂ ਜਗ੍ਹਾ ਹਨ। ਜਗ੍ਹਾ # 1 ਅਤੇ ਜਗ੍ਹਾ # 2 ਜਿੱਥੇ ਤੁਸਾਂ ਟੱਟੀ ਦਾ ਨਮੂਨਾ ਲਾਉਣਾ ਹੈ।
3) ਟੱਟੀ ਕਰਨ ਤੋਂ ਪਹਿਲਾਂ ਫ਼ਲੈਪ #1 ‘ਤੇ ਨਮੂਨਾ ਇਕੱਠਾ ਕਰਨ ਦੀ ਮਿਤੀ ਲਿਖੋ।
4) ਬਾਉਲ (ਜਿਸ ‘ਚ ਟੱਟੀ ਕਰੀਦੀ ਹੈ) ਨੂੰ ਸਾਫ਼ ਕਰਨ ਲਈ ਟੁਆਇਲਟ ਨੂੰ ਫ਼ਲੱਸ਼ ਕਰੋ। ਅਜਿਹੇ ਟੁਆਇਲੈਟ, ਜਿਸ ਵਿੱਚ ਨੀਲਾ ਰੰਗ ਕਰਨ ਵਾਲੀਆਂ ਚੀਜਾਂ ਵਰਤੀਆਂ ਗੱਈਆਂ ਹਨ, ‘ਚੋਂ ਨਮੂਨਾ ਨਾ ਲਿਆ ਜਾਵੇ।
5) ਟੱਟੀ ਦਾ ਨਮੂਨਾ ਇਕੱਠਾ ਕਰਨ ਲਈ ਅਜਿਹਾ ਡੱਬਾ ਵਰਤੋ ਜੋ ਸਾਫ਼, ਖ਼ੁਸ਼ਕ, ਰੱਦੀ ਵਿੱਚ ਸੁੱਟਣਯੋਗ ਹੋਵੇ।  ਇਸ ਤੋਂ ਪਹਿਲਾਂ ਕਿ ਟੱਟੀ ਟੁਆਲਿਟ ਦੇ ਪਾਣੀ ਤੀਕ ਪਹੁੰਚੇ ਉਸ ਦਾ ਨਮੂਨਾ ਲੈ ਲਵੋ। ਟੱਟੀ ਨੂੰ ਨਮੂਨਾ ਹਾਸਲ ਕਰਨ ਵਾਲੇ ਡੱਬੇ ਵਿੱਚ ਪੈਣ ਦਿਓ।
6) ਫ਼ਲੈਪ # 1 ਨੂੰ ਖੋਲੋ। ਟੱਟੀ ਦਾ ਥੋੜ੍ਹਾ ਜਿਹਾ ਨਮੂਨਾ ਇਕੱਠਾ ਕਰਨ ਲਈ ਟੱਟੀ ਦਾ ਨਮੂਨਾ ਲਾਉਣ ਵਾਲਾ ਤੀਲ੍ਹਾ ਵਰਤੋ। ਜਗ੍ਹਾ # 1 **‘ਤੇ  ਨਮੂਨੇ ਵਜੋਂ ਥੋੜ੍ਹੀ ਮਾਤਰਾ ਵਿੱਚ ਓਥੇ ਲਾ** ਦਿਓ।  ਉਸੇ ਤੀਲ੍ਹੇ ਨਾਲ ਟੱਟੀ ਦੀ ਵੱਖਰੀ ਥਾਂ ‘ਤੋਂ ਇੱਕ ਹੋਰ ਨਮੂਨਾ ਲੈ ਲਓ। ਜਗ੍ਹਾ # 2 **‘ਤੇ  ਨਮੂਨੇ ਵਜੋਂ ਥੋੜ੍ਹੀ ਮਾਤਰਾ ਵਿੱਚ ਓਥੇ ਲਾ** ਦਿਓ । ਫ਼ਲੈਪ ਨੂੰ ਚੰਗੀ ਤਰ੍ਹਾਂ ਬੰਦ ਕਰ ਦਿਓ।
7) ਨਮੂਨਾ ਲਾਉਣ ਵਾਲੇ ਤੀਲ੍ਹੇ ਨੂੰ ਰੱਦੀ ਵਾਲੀ ਟੋਕਰੀ ਵਿੱਚ ਸੁੱਟ ਦਿਓ। ਬਾਕੀ ਦੀ ਟੱਟੀ ਨੂੰ ਟੁਆਇਲੈਟ ਵਿੱਚ ਫ਼ਲੱਸ਼ ਕਰ ਦਿਓ ਅਤੇ ਨਮੂਨੇ ਵਾਲੇ ਡੱਬੇ (ਢੱਕਣ ਲਾ ਕੇ ਜਾਂ ਪਲਸਾਟਕ ਵਿੱਚ ਲਪੇਟ ਕੇ) ਰੱਦੀ ਵਿੱਚ ਸੁੱਟ ਦਿਓ।
8) ਟੈਸਟ ਕਾਰਡ ਨੂੰ ਫ਼ੁਆਇਲ ਦੇ ਲਫ਼ਾਫ਼ੇ ਵਿੱਚ ਰੱਖ ਦਿਓ ਅਤੇ ਅਗਲੇ ਦਿਨ ਤੀਕ ਕਮਰੇ ਵਾਲੇ ਤਾਪਮਾਨ ਵਾਲੀ ਜਗ੍ਹਾ ਸਾਂਭ ਛੱਡੋ।
9) ਫ਼ਲੈਪ # 2 ਅਤੇ ਫ਼ਲੈਪ # 3 ਵਰਤਦਿਆਂ ਹੋਇਆਂ, ਅਗਲੇ ਦੋ ਦਿਨ ਨੰਬਰ 3-8 ਵਾਲੀਆਂ ਕਿਰਿਆਵਾਂ ਦਹੁਰਾਓ। ਜਿਸ ਮਿਤੀ ਨੂੰ ਟੱਟੀ ਦਾ ਨਮੂਨਾ ਲਿਆ ਜਾਂਦਾ ਹੈ ਉਹ ਮਿਤੀ ਟੈਸਟ ਕਾਰਡ ਦੇ ਉਸ ਮਿਤੀ ਵਾਲੇ ਕਾਰਡ ਉੱਤੇ ਲਿਖ ਦਿਓ।